TO ACHIEVE MISSION 100%

2025-26

# QUESTION BANK

## ਵਿਸ਼ਾ : ਕੰਪਿਊਟਰ ਸਾਇੰਸ
## ਪੰਜਾਬੀ ਮਾਧਿਅਮ

10TH



Prepared By
Mohd. Aarif CF GHS Mandian (MLK)

# 1-1 ਅੰਕ ਵਾਲੇ ਪ੍ਰਸ਼ਨ ਉੱਤਰ

## ਬਹੁ-ਚੋਣਵੇ ਪ੍ਰਸ਼ਨ ਕਰੋ

1. ਹੇਠ ਲਿਖਿਆਂ ਵਿੱਚੋਂ ਕਿਹੜੀ ਆਫਿਸ ਦੀ ਉਦਾਹਰਨ ਹੈ?

ੳ. MS Word

ਅ. Google Sheet

ੲ. MS Power Point

**ਸ. ਉਪਰੋਕਤ ਸਾਰੇ**

2. ਹੇਠ ਲਿਖਿਆਂ ਵਿੱਚੋਂ ਕਿਹੜੀ ਵਰਡ ਪ੍ਰੋਸੈਸਰ ਦੀ ਉਦਾਹਰਣ ਹੈ?

**ੳ. Google Docs**

ਅ. Google Sheet

ੲ. Google Drive

ਸ. MS Excel

3. ਹੇਠ ਲਿਖਿਆਂ ਵਿੱਚੋਂ ਕਿਹੜਾ ਗੂਗਲ ਦੇ ਆਨ-ਲਾਈਨ ਆਫਿਸ ਟੂਲ ਦੀ ਉਦਾਹਰਣ ਨਹੀਂ ਹੈ?

ੳ. Google Slides

ਅ. Google Docs

**ੲ. OpenOffice Writer**

ਸ. Google Sheet

4. ਕਿਹੜੇ ਸਾਫਟਵੇਅਰ ਕੰਪਿਊਟਰ ਨੂੰ ਆਪਰੇਟ ਕਰਨ ਕੰਟਰੋਲ ਕਰਨ ਅਤੇ ਪ੍ਰੋਸੈਸਿੰਗ ਸਮਰੱਥਾਵਾਂ ਨੂੰ ਵਧਾਉਣ ਲਈ ਡਿਜਾਈਨ ਕੀਤੇ ਜਾਂਦੇ ਹਨ?

ੳ. ਐਪਲੀਕੇਸ਼ਨ ਸਾਫਟਵੇਅਰ

**ਅ. ਸਿਸਟਮ ਸਾਫਟਵੇਅਰ**

ੲ. ਗੂਗਲ ਦੇ ਆਨਲਾਈਨ ਆਫਿਸ ਟੂਲ

ਸ. ਉਪਰੋਕਤ ਸਾਰੇ

5. ________ ਪ੍ਰੋਗਰਾਮਾਂ ਦਾ ਸਮੂਹ ਹੁੰਦੇ ਹਨ ਜੋ ਯੂਜ਼ਰ ਨੂੰ ਕੋਈ ਵਿਸ਼ੇਸ਼ ਕੰਮ ਕਰਨਯੋਗ ਬਣਾਉਂਦੇ ਹਨ?

**ੳ. ਸਾਫਟਵੇਅਰ**

ਅ. ਹਾਰਡਵੇਅਰ

ੲ. ਭਾਸ਼ਾ ਟ੍ਰਾਂਸਲੇਟਰ

ਸ. ਪ੍ਰੋਗਰਾਮਿੰਗ ਭਾਸ਼ਾਵਾਂ

MOHD AARIF CF GHS MANDIAN

6. **"Anyone with the link" ਆਪਸ਼ਨ ਸੈੱਟ ਕਰਨ ਤੋਂ ਬਾਅਦ ਅਸੀਂ ਗੂਗਲ ਡਾਕਸ ਵਿੱਚ ਬਣਾਈ ਗਈ ਫਾਈਲ ਨੂੰ ਸ਼ੇਅਰ ਕਰਨ ਲਈ ਡਰਾਪ-ਡਾਊਨ ਮੀਨੂੰ ਦੀ ਵਰਤੋਂ ਕਰਕੇ ਹੇਠਾਂ ਦਿੱਤੇ ਕਿਹੜੇ ਐਕਸੈੱਸ ਲੈਵਲ ਨੂੰ ਸੈੱਟ ਕਰ ਸਕਦੇ ਹਾਂ?**

ੳ. Viewer (ਦਰਸ਼ਕ)

ਅ. Commenter ( ਟਿੱਪਣੀਕਾਰ)

ੲ. Editor ( ਐਡੀਟਰ)

**ਸ. ਉਪਰੋਕਤ ਸਾਰੇ**

7. **_____ ਵੈੱਬਸਾਈਟਾਂ ਜਾਂ ਵੈੱਬਪੇਜਾਂ ਦਾ ਸੰਗ੍ਰਿਹ ਹੁੰਦਾ ਹੈ।**

**ੳ. ਵਰਲਡ ਵਾਈਡ ਵੈੱਬ**

ਅ. ਵੈੱਬ ਸਾਈਟਸ

ੲ. HTML

ਸ. ਹਾਈਪਰ ਟੈੱਕਸਟ

8. **______ ਉਹ ਟੈੱਕਸਟ ਹੁੰਦਾ ਹੈ ਜਿਸ ਵਿੱਚ ਦੂਜੇ ਵੈੱਬਪੇਜਾਂ ਦੇ ਲਿੰਕ ਮੌਜੂਦ ਹੁੰਦੇ ਹਨ।**

ੳ. ਸਟੈਟਿਕ ਟੈੱਕਸਟ

**ਅ. ਹਾਈਪਟ ਟੈੱਕਸਟ**

ੲ. ਪਲੇਨ ਟੈੱਕਸਟ

ਸ. ਉਪਰੋਕਤ ਸਾਰੇ

9. **HTML ਪ੍ਰੋਗਰਾਮ ਦੀ ਆਊਟਪੁੱਟ ਨੂੰ ਵੇਖਣ ਲਈ ਸਾਨੂੰ ਉਸ ਡਾਕੂਮੈਂਟ ਨੂੰ _____ ਵਿੱਚ ਓਪਨ ਕਰਨਾ ਪੈਂਦਾ ਹੈ।**

ੳ. ਟੈਕਸਟ ਐਡੀਟਰ

ਅ. ਵਰਡ ਪ੍ਰੋਸੈਸਰ

ੲ. ਫਾਈਲ ਐਕਸਪਲੋਰਰ

**ਸ. ਵੈੱਬ ਬ੍ਰਾਊਜ਼ਰ**

10. **_______ ਦੀ ਵਰਤੋਂ HTML ਟੈਗ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ।**

ੳ. ਪੇਅਰਡ ਟੈਗ

ਅ. ਅਨ ਪੇਅਰਡ ਟੈਗ

ੲ. ਮੇਟਾ ਡਾਟਾ

**ਸ. ਐਟਰੀਬਿਊਟਸ**

11. **ਵੈੱਬ ਪੇਜ਼ ਵਿੱਚ ______ ਟੈਗ ਦੀ ਵਰਤੋਂ ਟੈਕਸ ਅਤੇ ਤਸਵੀਰਾਂ ਆਦਿ ਨੂੰ ਸਕ੍ਰੌਲ ਕਰਨ ਲਈ ਕੀਤੀ ਜਾਂਦੀ ਹੈ।**

ੳ. <title>

ਅ. <center>

**ੲ. <marquee>**

ਸ. <sup>

MOHD AARIF CF GHS MANDIAN

12. ਹੇਠ ਲਿਖਿਆਂ ਵਿੱਚੋਂ ਕਿਹੜੀ ਲਿਸਟ ਦੀ ਵਰਤੋਂ HTML ਡਾਕੂਮੈਂਟ ਵਿੱਚ ਨਹੀਂ ਕੀਤੀ ਜਾਂਦੀ?

ੳ. ਬੁਲੇਟਿਡ ਲਿਸਟ

ਅ. ਨੰਬਰਡ ਲਿਸਟ

ੲ. ਆਡਰਡ ਲਿਸਟ

**ਸ. ਡਾਟਾ ਲਿਸਟ**

13. ਆਰਡਰਡ ਅਤੇ ਅਨਆਰਡਰਡ ਲਿਸਟਾਂ ਵਿੱਚ ਲਿਸਟ ਆਈਟਮਾਂ ਨੂੰ ਪ੍ਰਭਾਸ਼ਿਤ ਕਰਨ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਟੈਗ ਵਰਤਿਆ ਜਾਂਦਾ ਹੈ।

ੳ. <OL>

ਅ. <UL>

**ੲ. <LI>**

ਸ. <DT>

14. ______ HTML ਡਾਕੂਮੈਂਟ ਵਿੱਚ ਟੇਬਲ ਰੋਅ ਬਣਾਉਣ ਲਈ ਕਿਹੜੇ ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।

ੳ. <Row>

ਅ. <Table Tow>

**ੲ. <TR>**

ਸ. <R>

15. ______ ਐਟਰੀਬਿਊਟ ਦੀ ਵਰਤੋਂ ਕਰਦੇ ਹੋਏ ਅਸੀਂ ਸੈੱਲਾਂ ਵਿਚਕਾਰ ਖਾਲੀ ਜਗ੍ਹਾ ਪ੍ਰਭਾਸ਼ਿਤ ਕਰ ਸਕਦੇ ਹਾਂ।

**ੳ. Cellspacing**

ਅ. Cellpadding

ੲ. rowspan

ਸ. colspan

16. ਜੇਕਰ ਅਸੀਂ ਦੋ ਜਾਂ ਵਧੇਰੇ ਰੋਅਜ਼ ਦੇ ਸੈੱਲਾਂ ਨੂੰ ਇੱਕ ਸਿੰਗਲ ਸੈੱਲ ਵਿੱਚ ਮਰਜ ਕਰਨਾ ਚਾਹੁੰਦੇ ਹਾਂ ਤਾਂ ਅਸੀਂ _____ ਐਟਰੀਬਿਊਟ ਦੀ ਵਰਤੋਂ ਕਰਾਂਗੇ।

ੳ. Cellspacing

ਅ. Cellpadding

**ੲ. rowspan**

ਸ. colspan

17. ਕਿਸੇ ਵੀ ਸਰੋਤ / ਫਾਈਲ (RESOURCE / FILE) ਦੀ ਪੂਰੀ ਲੋਕੇਸ਼ਨ ਨੂੰ ਦਰਸਾਉਂਦਾ ਹੈ।

ੳ. ਰਿਲੇਟਿਵ

**ਅ. ਐਬਸੋਲਿਊਟ**

ੲ. ਅੰਦਰੂਨੀ

ਸ. ਬਾਹਰੀ

MOHD AARIF CF GHS MANDIAN

18. **ਕਿਹੜਾ ਟੈਗ HTML ਡਾਕੂਮੈਂਟ ਵਿੱਚ ਤਸਵੀਰ (image) ਦਾਖਲ ਕਰਨ ਲਈ ਵਰਤਿਆ ਜਾਂਦਾ ਹੈ।**

ੳ. <Picture>

ਅ. <Pic>

ੲ. <Image>

**ਸ. <Img>**

19. **ਇਨ੍ਹਾਂ ਵਿੱਚੋਂ ਕਿਹੜਾ ਐਟਰੀਬਿਊਟ HTML ਦੇ ਐਂਕਰ ਟੈਗ ਦੁਆਰਾ ਨਹੀਂ ਵਰਤਿਆ ਜਾਂਦਾ?**

ੳ. href

**ਅ. src**

ੲ. target

ਸ. title

20. **ਇੱਕ _____ ਲਿੰਕ ਮੂਲ ਰੂਪ ਵਿੱਚ ਅੰਡਰਲਾਈਨ ਅਤੇ ਜਾਮਨੀ ਰੰਗ ਵਿੱਚ ਦਿਖਾਇਆ ਜਾਂਦਾ ਹੈ।**

ੳ. ਅਨਵਿਜ਼ਿਟਡ ਲਿੰਕ

**ਅ. ਵਿਜਿਟਡ ਲਿੰਕ**

ੲ. ਐਕਟਿਵ ਲਿੰਕ

ਸ. ਇਹਨਾਂ ਵਿਚੋਂ ਕੋਈ ਨਹੀਂ

21. **ਵੈੱਬ ਸਰਵਰ ਨੂੰ ਫਾਰਮ ਡਾਟਾ ਭੇਜਣ ਲਈ ਕਿਹੜੀ HTML ਵਿਧੀ ਵਰਤੀ ਜਾਂਦੀ ਹੈ**

ੳ. GET ਅਤੇ SET

**ਅ. GET ਅਤੇ POST**

ੲ. POST ਅਤੇ SEND

ਸ. GET ਅਤੇ SEND

22. **ਹੇਠ ਲਿਖਿਆਂ ਵਿਚੋਂ ਕਿਹੜਾ ਫਾਰਮ ਕੰਟਰੋਲ ਵੈੱਬ ਪੇਜ ਵਿਚ ਟੈਕਸਟ ਦੀਆਂ ਕਈ ਲਾਈਨਾਂ ਨੂੰ ਸਵੀਕਾਰ ਕਰਨ ਲਈ ਵਰਤਿਆ ਜਾਂਦਾ ਹੈ।**

ੳ. ਟੈਕਸਟਬਾਕਸ

ਅ. ਡਰਾਪ ਡਾਊਨ ਲਿਸਟ

ੲ. ਪਾਸਵਰਡ ਫੀਲਡ

**ਸ. ਟੈਕਸਟ ਏਰੀਆ**

MOHD AARIF CF GHS MANDIAN

**23. ਓਪਰੇਟਿੰਗ ਸਿਸਟਮ ਇਕ ________ ਹੈ।**

ੳ. ਟਰਮੀਨਲ

**ਅ. ਸਿਸਟਮ ਸਾਫਟਵੇਅਰ**

ੲ. ਐਪਲੀਕੇਸ਼ਨ ਸਾਫਟਵੇਅਰ

ਸ. ਪ੍ਰੋਸੈਸਰ

**24. _____ ਦਾ ਅਰਥ ਹੈ ਕਈ ਪ੍ਰੋਗਰਾਮਾਂ ਨੂੰ ਇੱਕੋ ਸਮੇਂ ਮੁੱਖ ਮੈਮੋਰੀ ਦੇ ਵੱਖ ਵੱਖ ਹਿੱਸਿਆਂ ਵਿਚ ਰੱਖਣਾ ਅਤੇ ਉਹਨਾਂ ਨੂੰ ਇਕ-ਇਕ ਕਰਕੇ ਚਲਾਉਣਾ।**

ੳ. ਮਲਟੀ-ਐਪਲੀਕੇਸ਼ਨ

ਅ. ਮਲਟੀ-ਪ੍ਰੋਸੈਸਿੰਗ

**ੲ. ਮਲਟੀ-ਪ੍ਰੋਗਰਾਮਿੰਗ**

ਸ. ਮਲਟੀ-ਟਾਈਮਿੰਗ

**25. _________ ਦੇ ਯੂਜ਼ਰਜ਼ ਦਾ ਕੰਪਿਊਟਰ ਸਿਸਟਮ ਨਾਲ ਸਿੱਧਾ ਸੰਪਰਕ ਨਹੀਂ ਹੁੰਦਾ।**

**ੳ. ਬੈਚ ਪ੍ਰੋਸੈਸਿੰਗ ਸਿਸਟਮ**

ਅ. ਟਾਈਮ ਸ਼ੇਅਰਿੰਗ ਸਿਸਟਮ

ੲ. ਨੈਟਵਰਕ ਓਪਰੇਟਿੰਗ ਸਿਸਟਮ

ਸ. ਡਿਸਟ੍ਰੀਬਿਊਟਿਡ ਸਿਸਟਮ

**26. ____ ਇੰਟਰਨੈਟ ਅਤੇ ਸਾਡੇ ਲੋਕਲ ਏਰੀਆ ਨੈਟਵਰਕ ਦੇ ਵਿਚਕਾਰ ਇੱਕ ਸੁਰੱਖਿਆ ਗਾਰਡ ਵਜੋਂ ਕੰਮ ਕਰਦੀ ਹੈ।**

ੳ. ਓਪਰੇਟਿੰਗ ਸਿਸਟਮ

ਅ. ਪ੍ਰੋਸੈਸਰ

**ੲ. ਫਾਇਰਵਾਲ**

ਸ. ਸੁਰੱਖਿਆ ਖਤਰੇ

**27. GUI ਦਾ ਪੂਰਾ ਨਾਂ __________ ਹੈ।**

ੳ. ਗ੍ਰਾਫ ਯੂਜ਼ਰ ਇੰਟਰਫੇਸ

ਅ. ਗ੍ਰਾਫਿਕਸ ਯੂਜ਼ਰ ਇੰਟਰਫੇਸ

**ੲ. ਗ੍ਰਾਫਿਕਲ ਯੂਜ਼ਰ ਇੰਟਰਫੇਸ**

ਸ. ਕੋਈ ਨਹੀਂ

MOHD AARIF CF GHS MANDIAN

28. ਉਹ ਪ੍ਰੋਗਰਾਮਾਂ ਜਿਨ੍ਹਾਂ ਦੀ ਵਰਤੋਂ ਕਿਤਾਬਾਂ, ਮੈਗਜ਼ੀਨਾਂ, ਅਖ਼ਬਾਰਾਂ, ਫਲਾਇਰ, ਪੈਂਫਲੈਟਸ ਅਤੇ ਹੋਰ ਬਹੁਤ ਸਾਰੇ ਪ੍ਰਿੰਟਡ ਡਾਕੂਮੈਂਟਸ ਨੂੰ ਬਣਾਉਣ ਲਈ ਕੀਤੀ ਜਾ ਸਕਦੀ ਹੈ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?

**ੳ.** ਡੈਸਕ ਪਬਲੀਸ਼ਿੰਗ

**ਅ. ਡੈਸਕਟਾਪ ਪਬਲੀਸ਼ਿੰਗ**

**ੲ.** ਟਾਪ ਪਬਲੀਸ਼ਿੰਗ

**ਸ.** ਪਬਲੀਸ਼ਿੰਗ

29. _________ ਇੱਕ ਅਜਿਹਾ ਸਿਸਟਮ ਹੈ ਜੋ ਸਾਨੂੰ ਇਹ ਦਰਸਾਉਂਦਾ ਹੈ ਕਿ ਜਦੋਂ ਅਸੀਂ ਕਿਸੇ ਡਾਕੂਮੈਂਟ ਨੂੰ ਪ੍ਰਿੰਟ ਕਰਾਂਗੇ ਤਾਂ ਇਹ ਕਿਹੋ ਜਿਹਾ ਦਿਖਾਈ ਦੇਵੇਗਾ।

**ੳ.** WYSWJKI

**ਅ.** WKSWUG

**ੲ.** WUSIWUG

**ਸ. WYSIWYG**

30. _________ ਇੱਕ ਪੈਰੀਫਿਰਲ (Peripheral) ਮਸ਼ੀਨ ਹੈ ਜੋ ਕੰਪਿਊਟਰ ਤੋਂ ਡਾਟਾ ਪ੍ਰਾਪਤ ਕਰਦੀ ਹੈ ਅਤੇ ਗ੍ਰਾਫਿਕਸ ਜਾਂ ਟੈਕਸਟ ਦੇ ਰੂਪ ਵਿੱਚ ਇੱਕ ਪੇਪਰ ਤੇ ਆਉਟਪੁੱਟ ਤਿਆਰ ਕਰਦੀ ਹੈ।

**ੳ.** ਫਰੇਮ

**ਅ. ਪ੍ਰਿੰਟਰ**

**ੲ.** ਫੌਂਟ

**ਸ.** ਪਲੋਟਰ

31. _________ ਗ੍ਰਾਫਿਕਸ ਅਤੇ ਟੈਕਸਟ ਦਾਖਲ ਕਰਨ ਲਈ ਆਇਤਾਕਾਰ ਖੇਤਰ (Rectangular Areas) ਹੁੰਦੇ ਹਨ।

**ੳ.** ਆਇਤ

**ਅ. ਫਰੇਮ**

**ੲ.** ਸਟਰਕਚਰ

**ਸ.** ਫੌਂਟ

MOHD AARIF GHS MANDIAN

32. _______ ਕਿਸੇ ਵਸਤੂ ਦੀ ਤਸਵੀਰ ਜਾਂ ਵਿਜ਼ੂਅਲ ਪ੍ਰਤੀਨਿਧਤਾ (Visual Representation) ਹੁੰਦੀ ਹੈ।

ੳ. ਚਾਰਟ

ਅ. ਗ੍ਰਾਫਿਕਸ

ੲ. ਫਰੇਮ

ਸ. ਫੌਂਟ

33. ਇਹਨਾਂ ਵਿੱਚੋਂ ਕਿਹੜਾ ਡੈਸਟਾਪ ਪਬਲਿਸ਼ਿੰਗ ਸਾਫਟਵੇਅਰ ਦੀ ਉਦਾਹਰਣ ਨਹੀਂ ਹੈ?

ੳ. ਕੋਰਲ ਡਰਾਅ

ਅ. ਵਰਡ ਪ੍ਰੋਸੈਸਰ

ੲ. GIMP

ਸ. ਐਡੋਬ ਫੋਟੋਸ਼ਾਪ

34. ਆਕਰਸ਼ਕ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ਸਮੱਗਰੀ ਦੇ ਡਿਜ਼ਾਈਨ ਅਤੇ ਉਤਪਾਦਨ ਲਈ ਵਰਤੀ ਜਾਣ ਵਾਲੀ ਇੱਕ ਐਪਲੀਕੇਸ਼ਨ ਦੀ ਚੋਣ ਕਰੋ:

ੳ. ਵਰਡ-ਪ੍ਰੋਸੈਸਰ

ਅ. ਸਪ੍ਰੈਡਸ਼ੀਟ

ੲ. ਪਬਲੀਸ਼ਰ

ਸ. ਪ੍ਰੈਜ਼ਨਟੇਸ਼ਨ

35. ਪਬਲੀਕੇਸ਼ਨ ਦਾ ਪਹਿਲਾਂ ਤੋਂ ਪਰਿਭਾਸ਼ਿਤ ਮਾਡਲ __ ਹੁੰਦਾ ਹੈ।

ੳ. ਟੈਂਪਲੇਟ

ਅ. ਕਲਿੱਪਆਰਟ

ੲ. ਓਬਜੈਕਟ

ਸ. ਸਟਾਈਲ

36. ਅੱਜ-ਕੱਲ੍ਹ ਦੇ ਬਰੋਸ਼ਰ ਇਲੈਕਟ੍ਰੌਨਿਕ ਫਾਰਮੈਟ ਵਿੱਚ ਵੀ ਉਪਲਬਧ ਹਨ, ਇਹਨਾਂ ਨੂੰ ____ ਕਿਹਾ ਜਾਂਦਾ ਹੈ।

ੳ. ਈ-ਬਰੋਸ਼ਰਜ਼

ਅ. ਐਮ-ਬਰੋਸ਼ਰਜ਼

ੲ. ਟੀ-ਬਰੋਸ਼ਰਜ਼

ਸ. ਕੇ-ਬਰੋਸ਼ਰਜ਼

MOHD AARIF CF GHS MANDIAN

37. ____ ਇੱਕ ਪ੍ਰਿੰਟਿਡ ਹੈਡਿੰਗ ਵਾਲੀ ਸਟੇਸ਼ਨਰੀ ਹੁੰਦੀ ਹੈ। ਹੈਡਿੰਗ ਵਿੱਚ ਆਮ ਤੌਰ ਤੇ ਇੱਕ ਨਾਮ, ਇੱਕ ਐਡਰੈਸ ਅਤੇ ਇੱਕ ਲੋਗੋ ਸ਼ਾਮਲ ਹੁੰਦਾ ਹੈ।

**ੳ. ਲੈਟਰਹੈੱਡ**

**ਅ.** ਪ੍ਰੋਗਰਾਮ

**ੲ.** ਇਨਵੀਟੇਸ਼ਨ ਕਾਰਡ

**ਸ.** ਕੈਟਾਲਾਗ

38. ਰਿਜ਼ਿਊਮ ਤੋਂ ਲੰਬਾ ਕੀ ਹੁੰਦਾ ਹੈ ਜੋ ਘੱਟੋ ਘੱਟ ਦੋ ਜਾਂ ਤਿੰਨ ਪੇਜਾਂ ਵਿਚ ਹੁੰਦਾ ਹੈ?

**ੳ. ਕਰਿਕਿਊਲਮ ਵਿਟੇ**

**ਅ.** ਬੈਨਰ

**ੲ.** ਇਨਵਟੀਟੇਸ਼ਨ ਕਾਰਡ

**ਸ.** ਕੈਟਾਲਾਗ

# ਖਾਲੀ ਥਾਵਾਂ ਭਰੋ

1. **ਐਪਲੀਕੇਸ਼ਨ ਸਾਫਟਵੇਅਰ ਨੂੰ ਐਂਡ ਯੂਜ਼ਰ ਐਪਲੀਕੇਸ਼ਨ ਵੀ ਕਿਹਾ ਜਾਂਦਾ ਹੈ।**
2. **ਸਿਸਟਮ ਸਾਫਟਵੇਅਰ ਆਮ ਤੌਰ ਤੇ ਲੋਅ-ਲੈਵਲ ਲੈਵਲ ਕੰਪਿਊਟਰ ਪ੍ਰੋਗ੍ਰਾਮਿੰਗ ਭਾਸ਼ਾਵਾਂ ਵਿੱਚ ਲਿਖੇ ਜਾਂਦੇ ਹਨ।**
3. **ਵੱਖ-ਵੱਖ ਤਰ੍ਹਾਂ ਦੇ ਆਫਿਸ ਟੂਲਜ਼ ਐਪਲੀਕੇਸ਼ਨ ਸਾਫਟਵੇਅਰਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ।**
4. **ਸਪ੍ਰੈਡਸ਼ੀਟ ਸਾਫਟਵੇਅਰ ਇੱਕ ਅਜਿਹਾ ਸਾਫਟਵੇਅਰ ਹੈ ਜੋ ਟੇਬੂਲਰ ਡਾਟਾ ਨੂੰ ਅਸਾਨੀ ਨਾਲ ਪ੍ਰੋਸੈਸ ਕਰਨ ਅਤੇ ਉਸਦਾ ਵਿਸ਼ਲੇਸ਼ਣ ਕਰਨ ਦੀ ਆਗਿਆ ਦਿੰਦਾ ਹੈ।**
5. **Google Docs ਇੱਕ ਮੁਫਤ ਆਨ-ਲਾਈਨ ਵਰਡ ਪ੍ਰੋਸੈਸਰ ਹੈ।**
6. **ਪੇਅਰਡ ਟੈਗਜ਼ ਨੂੰ ਕੰਟੇਨਰ ਟੈਗ ਵੀ ਕਿਹਾ ਜਾਂਦਾ ਹੈ।**
7. **ਬਾਡੀ ਭਾਗ ਵਿੱਚ ਉਹ ਸਾਰੇ ਕੰਟੈਂਟਸ ਸ਼ਾਮਲ ਹੁੰਦੇ ਹਨ ਜੋ ਵੈੱਬ ਪੇਜ਼ ਉੱਪਰ ਯੂਜ਼ਰ ਨੂੰ ਪ੍ਰਦਰਸ਼ਿਤ ਕੀਤੇ ਜਾਂਦੇ ਹਨ।**
8. **<!DOCTYPE html> ਟੈਗ HTML ਦੇ ਵਰਜ਼ਨ 5 ਨੂੰ ਬਿਆਨ ਕਰਦਾ ਹੈ।**
9. **<br> ਟੈਗ ਦੀ ਵਰਤੋਂ ਸਿੰਗਲ ਲਾਈਨ ਬ੍ਰੇਕ ਦਾਖਲ ਕਰਨ ਲਈ ਕੀਤੀ ਜਾਂਦੀ ਹੈ।**
10. **<sub> ਟੈਗ ਦੀ ਵਰਤੋਂ HTML ਡਾਕੂਮੈਂਟ ਵਿੱਚ ਸਬਸਕ੍ਰਿਪਟ ਦਾਖਲ ਕਰਨ ਲਈ ਕੀਤੀ ਜਾਂਦੀ ਹੈ।**
11. **Background ਐਟਰੀਬਿਊਟ ਦੀ ਵਰਤੋਂ HTML ਡਾਕੂਮੈਂਟ ਦੀ ਬੈਕਗ੍ਰਾਂਉਡ ਉੱਪਰ ਤਸਵੀਰ ਸੈੱਟ ਕਰਨ ਲਈ ਕੀਤੀ ਜਾਂਦੀ ਹੈ।**

MOHD ARIF GHS MANDIAN

12. HTML ਡਾਕੂਮੈਂਟ ਵਿੱਚ ਅਸੀਂ 3 ਵੱਖ ਵੱਖ ਕਿਸਮ ਦੀਆਂ ਲਿਸਟਾਂ ਬਣਾ ਸਕਦੇ ਹਾਂ।

13. ਅਨਆਡਰਡ ਲਿਸਟਾਂ ਇੱਕ ਸਾਰੀਆਂ ਲਿਸਟ ਆਈਟਮਾਂ ਨੂੰ ਬੁਲੇਟਸ ਨਾਲ ਮਾਰਕ ਕੀਤਾ ਜਾਂਦਾ ਹੈ।

14. ਨੈੱਸਟਿਡ ਲਿਸਟ ਇੱਕ ਲਿਸਟ ਦੇ ਅੰਦਰ ਇੱਕ ਹੋਰ ਲਿਸਟ ਹੁੰਦੀ ਹੈ।

15. <TH> ਟੈਗ ਦੀ ਵਰਤੋਂ ਟੇਬਲ ਹੈਡਿੰਗਜ਼ ਨੂੰ ਪਰਿਭਾਸ਼ਤ ਕਰਨ ਲਈ ਕੀਤੀ ਜਾਂਦੀ ਹੈ।

16. ਅਸੀਂ valign ਐਟਰੀਬਿਊਟ ਦੀ ਵਰਤੋਂ ਕਰਕੇ ਸਿਰਫ ਸੈੱਲ ਕੰਟੈਂਟਸ ਦੀ ਹੀ ਖੜਵੇਂ ਰੂਪ ਵਿੱਚ ਅਲਾਈਨਮੈਂਟ ਸੈੱਟ ਕਰ ਸਕਦੇ ਹਾਂ।

17. Cellpadding ਸੈੱਲ ਬਾਰਡਰ ਅਤੇ ਸੈੱਲ ਕੰਟੈਂਟਸ ਵਿੱਚਕਾਰ ਦੀ ਦੂਰੀ ਨੂੰ ਦਰਸਾਉਂਦਾ ਹੈ।

18. ਰਿਲੇਟਿਵ ਪਾਥਸ ਵਿੱਚ ../ ਡੈਲੀਮੀਟਰ ਮੌਜੂਦਾ ਵਰਕਿੰਗ ਫਾਈਲ ਦੇ ਪੇਰੈਂਟ ਫੋਲਡਰ ਵੱਲ ਇਸ਼ਾਰਾ ਕਰਦਾ ਹੈ।

19. ਹਰੇਕ ਇਮੇਜ਼ ਟੈਗ ਵਿੱਚ ਇੱਕ SRC ਐਟਰੀਬਿਊਟ ਹੁੰਦਾ ਹੈ ਜੋ ਵੈੱਬ ਬਰਾਉਜਰ ਨੂੰ ਇਹ ਦੱਸਦਾ ਹੈ ਕਿ ਉਹ ਤਸਵੀਰ ਜੋ ਅਸੀਂ ਵੈੱਬ ਪੇਜ ਵਿੱਚ ਪ੍ਰਦਰਸ਼ਿਤ ਕਰਨਾ ਚਾਹੁੰਦੇ ਹਾਂ, ਨੂੰ ਕਿਥੋਂ ਲੱਭਣਾ ਹੈ।

20. ਨੇਮ ਐਂਕਰਜ਼ ਨੂੰ ਬੁੱਕਿਮਾਰਕਸ ਵੀ ਕਿਹਾ ਜਾਂਦਾ ਹੈ।

21. ਜੇਕਰ Post HTTP ਵਿਧੀ ਨਾਲ ਫਾਰਮ ਸਬਮਿਟ ਕੀਤਾ ਜਾਂਦਾ ਹੈ ਤਾਂ ਵੈੱਬਪੇਜ ਦੇ ਨਤੀਜੇ ਨੂੰ ਬੁੱਕ ਮਾਰਕ ਨਹੀਂ ਕੀਤਾ ਜਾ ਸਕਦਾ।

22. ਯੋਜਨਾਬੰਦੀ ਵੈੱਬਸਾਈਟ ਨੂੰ ਪੂਰਾ ਕਰਨ ਦੇ ਕਾਰਜਾਂ ਨੂੰ ਤਰਜੀਹ ਦੇਣ ਤੋਂ ਇਲਾਵਾ ਕੁਝ ਨਹੀਂ ਹੁੰਦੀ।

23. ਟਾਈਮ ਸ਼ੇਅਰਿੰਗ ਓਪਰੇਟਿੰਗ ਸਿਸਟਮ ਵਿਚ ਹਰੇਕ ਯੂਜ਼ਰ ਨੂੰ ਦਿੱਤਾ ਗਿਆ CPU ਦਾ ਥੋੜ੍ਹਾ ਜਿਹਾ ਸਮਾਂ ਟਾਈਮ ਸਲਾਈਸ ਅਖਵਾਉਂਦਾ ਹੈ।

24. ਪ੍ਰੋਟੈਕਸ਼ਨ ਇਕ ਅਜਿਹੀ ਵਿਧੀ ਹੈ ਜੋ ਪ੍ਰੋਗਰਾਮਾਂ, ਪ੍ਰੋਸੈਸਾਂ, ਜਾਂ ਯੂਜ਼ਰਜ਼ ਦੁਆਰਾ ਕੰਪਿਊਟਰ ਸਿਸਟਮ ਦੇ ਸਰੋਤਾਂ ਤੱਕ ਅਸੈਸ ਨੂੰ ਕੰਟਰੋਲ ਕਰਦੀ ਹੈ।

25. ਓਪਰੇਟਿੰਗ ਸਿਸਟਮ ਇੱਕ ਅਜਿਹਾ ਪ੍ਰੋਗਰਾਮ ਹੈ ਜੋ ਯੂਜ਼ਰ ਅਤੇ ਕੰਪਿਊਟਰ ਹਾਰਡਵੇਅਰ ਵਿਚਕਾਰ ਇੱਕ ਇੰਟਰਫੇਸ ਦੇ ਤੌਰ ਤੇ ਕੰਮ ਕਰਦਾ ਹੈ।

26. ਕੰਪਿਊਟਰ ਵਾਇਰਸ ਆਪਣੇ ਆਪ ਨੂੰ ਦੁਹਰਾਉਂਦੇ (Replicate) ਹਨ ਅਤੇ ਸਾਡੇ PC ਦੀਆਂ ਫਾਈਲਾਂ ਅਤੇ ਪ੍ਰੋਗਰਾਮਾਂ ਨੂੰ ਸੰਕਰਮਿਤ (Infect) ਕਰਦੇ ਹਨ ਅਤੇ ਉਹਨਾਂ ਨੂੰ ਗੈਰ-ਕਾਰਜਸ਼ੀਲ (Non-Functional) ਬਣਾ ਸਕਦੇ ਹਨ।

27. ਕੰਪਿਊਟਰ ਅਤੇ ਸਾਫਟਵੇਅਰਾਂ ਦੀ ਵਰਤੋਂ ਕਰਦੇ ਹੋਏ ਵਿਚਾਰਾਂ (ideas) ਅਤੇ ਜਾਣਕਾਰੀ (information) ਦੇ ਵਿਜ਼ੁਅਲ ਡਿਸਪਲੇ ਬਣਾਉਣਾ ਡੈਸਕਟਾਪ ਪਬਲੀਸ਼ਿੰਗ ਅਖਵਾਉਂਦਾ ਹੈ।

28. ਮਾਰਜਨ ਇੱਕ ਪੇਜ਼ ਦੀ ਮੁੱਖ ਸਮੱਗਰੀ (content) ਅਤੇ ਇਸਦੇ ਕਿਨਾਰਿਆਂ (edges) ਦੇ ਵਿਚਕਾਰ ਦੀ ਖਾਲੀ ਜਗ੍ਹਾ ਹੁੰਦੀ ਹੈ।

MOHD AARIF CF GHS MANDIAN

29. ਫੌਂਟ ਟੈਕਸਟ ਦੀ ਗ੍ਰਾਫਿਕਲ ਪ੍ਰਤਿਨਿਧਤਾ (graphical representation) ਹੈ ਜਿਸ ਵਿੱਚ ਇੱਕ ਵੱਖਰਾ ਟਾਈਪਫੇਸ (typeface), ਪੁਆਇੰਟ-ਸਾਈਜ਼ (point size), ਭਾਰ (weight), ਰੰਗ ਜਾਂ ਡਿਜ਼ਾਈਨ ਸ਼ਾਮਲ ਹੋ ਸਕਦਾ ਹੈ।

30. ਗ੍ਰਾਫਿਕਸ ਸੌਫਟਵੇਅਰ ਵਿੱਚ ਲੇਅਰਜ ਵੱਖੋ ਵੱਖਰੇ ਲੇਵਲ ਹੁੰਦੇ ਹਨ ਅਤੇ ਇਨ੍ਹਾਂ ਵਿਚ ਕੋਈ ਵਸਤੂ (object) ਜਾਂ ਇਮੇਜ਼ ਫਾਈਲ ਦਾਖਲ ਕੀਤੀ ਜਾ ਸਕਦੀ ਹੈ।

31. ਇਪੈਂਕਟ ਪ੍ਰਿੰਟਰ ਉਹ ਪ੍ਰਿੰਟਰ ਹੁੰਦੇ ਹਨ ਜਿਨ੍ਹਾਂ ਵਿੱਚ ਪ੍ਰਿੰਟ-ਹੈਡ ਕਾਗਜ਼ ਉਪਰ ਸਟ੍ਰਾਈਕ ਕਰਕੇ (striking print-head) ਅੱਖਰਾਂ ਜਾਂ ਗ੍ਰਾਫਿਕਸ ਨੂੰ ਪ੍ਰਿੰਟ ਕਰਦੇ ਹਨ।

32. ਇਸ਼ਤਿਹਾਰਬਾਜ਼ੀ (Advertising) ਦਾ ਮਤਲਬ ਹੈ ਕਿ ਕਿਵੇਂ ਇੱਕ ਕੰਪਨੀ ਲੋਕਾਂ ਨੂੰ ਉਨ੍ਹਾਂ ਦੇ ਉਤਪਾਦਾਂ ਸੇਵਾਵਾਂ ਜਾਂ ਵਿਚਾਰਾਂ ਨੂੰ ਖਰੀਦਣ ਲਈ ਉਤਸ਼ਾਹਤ ਕਰਦੀ ਹੈ।

33. ਨਿਊਜ਼ ਲੈਟਰ ਇੱਕ ਪ੍ਰਿੰਟਿਡ ਰਿਪੋਰਟ ਹੁੰਦੀ ਹੈ ਜਿਸ ਵਿੱਚ ਕਿਸੇ ਕਾਰੋਬਾਰ ਜਾਂ ਕਿਸੇ ਸੰਗਠਨ ਦੀਆਂ ਗਤੀਵਿਧੀਆਂ ਦੀ ਖ਼ਬਰ ਜਾਂ ਜਾਣਕਾਰੀ ਹੁੰਦੀ ਹੈ।

34. ਕਾਰੋਬਾਰੀ ਕਾਰਡ ਉਹ ਕਾਰਡ ਹੁੰਦੇ ਹਨ ਜਿਨ੍ਹਾਂ ਵਿੱਚ ਵਿਅਕਤੀ ਜਾਂ ਕੰਪਨੀ ਬਾਰੇ ਕਾਰੋਬਾਰੀ ਜਾਣਕਾਰੀ ਹੁੰਦੀ ਹੈ।

35. ਇੱਕ ਰਿਜ਼ਿਊਮ ਸਾਡੀ ਸਿੱਖਿਆ, ਕੰਮ ਦੇ ਇਤਿਹਾਸ (work history), ਪ੍ਰਮਾਣ ਪੱਤਰਾਂ ਅਤੇ ਹੋਰ ਪ੍ਰਾਪਤੀਆਂ ਅਤੇ ਹੁਨਰਾਂ ਦਾ ਸਾਰਾਂਸ਼ ਪ੍ਰਦਾਨ ਕਰਦਾ ਹੈ।

36. ਰਿਜ਼ਿਊਮ ਨੌਕਰੀ ਦੀਆਂ ਅਰਜ਼ੀਆਂ ਵਿੱਚ ਬਿਨੈਕਾਰਾਂ ਵੱਲੋਂ ਦਿੱਤਾ ਜਾਣ ਵਾਲਾ ਇੱਕ ਆਮ ਡਾਕੂਮੈਂਟ ਹੁੰਦਾ ਹੈ।

MOHD AARIF CF GHS MANDIAN

# ਪੂਰੇ ਰੂਪ

| | | | | |
|---|---|---|---|---|
| 1. | <B> | : | Bold | ਬੋਲਡ |
| 2. | <I> | : | Italic | ਇਟੈਲਿੱਕ |
| 3. | <U> | : | Underline | ਅੰਡਰਲਾਈਨ |
| 4. | <S> | : | Strikethrough | ਸਟ੍ਰਾਈਕਥਰੋ |
| 5. | <P> | : | Paragraph | ਪੈਰਾਗ੍ਰਾਫ |
| 6. | <TT> | : | Teletype Text | ਟੈਲੀਟਾਈਪ ਟੈੱਕਸਟ |
| 7. | <HR> | : | Horizontal Row | ਹਾਰੀਜ਼ੋਂਟਲ ਰੋਅ |

| | | | |
|---|---|---|---|
| **8.** <BR> | : | Break Line | ਬ੍ਰੇਕ ਲਾਈਨ |
| **9.** <SUP> | : | Superscript | ਸੁਪਰਸਕ੍ਰਿਪਟ |
| **10.** <SUB> | : | Subscript | ਸਬਸਕ੍ਰਿਪਟ |
| **11.** <<OL> | : | Ordered List | ਆਡਰਡ ਲਿਸਟ |
| **12.** <UL> | : | Unordered List | ਅਨਆਡਰਡ ਲਿਸਟ |
| **13.** <DL> | : | Definition List | ਡੈਫੀਨੇਸ਼ਨ ਲਿਸਟ |
| **14.** <LI> | : | List Item | ਲਿਸਟ ਆਈਟਮ |
| **15.** <DT> | : | Definition Title | ਡੈਫੀਨੇਸ਼ਨ ਟਾਈਟਲ |
| **16.** <DD> | : | Definition Data | ਡੈਫੀਨੇਸ਼ਨ ਡਾਟਾ |
| **17.** <TR> | : | Table Row | ਟੇਬਲ ਰੋਅ |
| **18.** <TH> | : | Table Heading | ਟੇਬਲ ਹੈਡਿੰਗ |
| **19.** <TD> | : | Table Data | ਡਾਟਾ |
| **20.** URL | : | Uniform Resource Locator | ਯੂਨੀਫਾਰਮ ਰਿਸੋਰਸ ਲੋਕੇਟਰ |
| **21.** GIF | : | Graphics Interchange Format | ਗ੍ਰਾਫਿਕਸ ਇੰਟਰਚੇਂਜ ਫਾਰਮੈਟ |
| **22.** PNG | : | Portable Network Graphics | ਪੋਰਟੇਬਲ ਨੈੱਟਵਰਕ ਗ੍ਰਾਫਿਕਸ |
| **23.** JPEG | : | Joint Photographics Expert Group | ਜੁਆਇੰਟ ਫੋਟੋਗ੍ਰਾਫਿਕਸ ਐਕਸਪਰਟ ਗਰੁੱਪ |
| **24.** HREF | : | Hyper Text Reference | ਹਾਈਪਰ ਟੈਕਸਟ ਰੈਫਰੈਂਸ |
| **25.** SRC | : | Source | ਸੋਰਸ |
| **26.** <A> | : | Anchor Tag | ਐਂਕਰ ਟੈਗ |
| **27.** <IMG> | : | Image Tag | ਇਮੇਜ ਟੈਗ |
| **28.** DTP | : | Desktop Publishing | ਡੈਸਕਟਾਪ ਪਬਲੀਸ਼ਿੰਗ |
| **29.** WYSIWYG | : | What You See Is What You Get | ਵੱਟ ਯੂ ਸੀ ਇਜ਼ ਵੱਟ ਯੂ ਗੈਟ |
| **30.** 3D | : | Three Dimensional | ਤਿੰਨ ਡਾਇਮੈਂਨਸ਼ਨਲ |
| **31.** GIMP | : | GNU Image Manipulation Program | ਜੀ.ਐਨ.ਯੂ. ਇਮੇਜ ਮੈਨੀਪਲੁਏਸ਼ਨ ਪ੍ਰੋਗਰਾਮ |
| **32.** DMP | : | Dot Matrix Printer | ਡਾਟ ਮੈਟਰਿਕਸ ਪ੍ਰਿੰਟਰ |

MOHD AARIF CF GHS MANDIAN

# ਸਹੀ-ਗਲਤ ਕਰੋ

1. ਟਾਈਟਲੀ-ਕਪਲਡ ਸਿਸਟਮਾਂ ਵਿਚ ਇਕੋ ਪ੍ਰਾਇਮਰੀ ਮੈਮੋਰੀ ਹੁੰਦੀ ਹੈ, ਜੋ ਸਾਰੇ ਪ੍ਰੋਸੈਸਰਾਂ ਦੁਆਰਾ ਸ਼ੇਅਰ ਕੀਤੀ ਜਾਂਦੀ ਹੈ। **ਸਹੀ**
2. ਮਲਟੀ-ਯੂਜ਼ਰ ਓਪਰੇਟਿੰਗ ਸਿਸਟਮ ਇੱਕ ਅਜਿਹਾ ਸਿਸਟਮ ਹੁੰਦਾ ਹੈ ਜਿਸ ਵਿਚ ਇੱਕ ਸਮੇਂ ਸਿਰਫ ਇੱਕ ਹੀ ਯੂਜ਼ਰ ਕੰਪਿਊਟਰ ਸਿਸਟਮ ਨੂੰ ਅਸੈਸ ਕਰ ਸਕਦਾ ਹੈ। **ਗਲਤ**
3. Confidentiality (ਗੁਪਤਤਾ) ਇਹ ਸੁਨਿਸ਼ਚਿਤ ਕਰਦੀ ਹੈ ਕਿ ਐਕਸਚੇਂਜ ਕੀਤਾ ਗਿਆ ਡਾਟਾ ਅਣਅਧਿਕਾਰਤ (Unauthorized) ਯੂਜ਼ਰਜ਼ ਤੱਕ ਨਾ ਪਹੁੰਚੇ। **ਸਹੀ**
4. ਫਾਇਰਵਾਲ ਸਾਡੇ PC ਉਪਰ ਅਣਅਧਿਕਾਰਤ ਅਸੈਸ ਨੂੰ ਰੋਕ ਨਹੀਂ ਸਕਦੀ। **ਗਲਤ**
5. ਐਂਟੀ-ਮਾਲਵੇਅਰ ਕੰਪਿਊਟਰ ਪ੍ਰੋਗਰਾਮ ਹੁੰਦੇ ਹਨ ਜੋ ਮਾਲਵੇਅਰਜ਼ ਨੂੰ ਰੋਕਣ, ਲੱਭਣ ਅਤੇ ਖਤਮ ਕਰਨ ਲਈ ਵਰਤੇ ਜਾਂਦੇ ਹਨ। **ਸਹੀ**
6. ਟੈਂਪਲੇਟ ਇੱਕ ਅਜਿਹਾ ਟੂਲ ਹੈ ਜੋ ਪਬਲੀਸ਼ਰ ਵਿੱਚ ਵਰਤਿਆ ਜਾਂਦਾ ਹੈ ਅਤੇ ਅਸਾਨੀ ਨਾਲ ਬੁਨਿਆਦੀ ਪਬਲੀਕੇਸ਼ਨਾਂ ਬਣਾਉਣ ਵਿੱਚ ਸਾਡੀ ਸਹਾਇਤਾ ਕਰਦਾ ਹੈ। **ਸਹੀ**
7. ਪਬਲੀਸ਼ਰ ਬੰਦ ਕਰਨ ਤੋਂ ਪਹਿਲਾਂ ਸਾਨੂੰ ਸਾਰੇ ਪਬਲੀਕੇਸ਼ਨ ਬੰਦ ਨਹੀਂ ਕਰਨੇ ਚਾਹੀਦੇ। **ਗਲਤ**
8. ਪ੍ਰਸ਼ੰਸਾ ਕਾਰਡ ਉੱਚ ਗੁਣਵੱਤਾ ਵਾਲਾ ਪ੍ਰਿੰਟਡ ਕਾਰਡ ਜਾਂ ਕਾਗਜ਼ ਦਾ ਇੱਕ ਟੁਕੜਾ ਹੁੰਦਾ ਹੈ ਜੋ ਇਸ਼ਤਿਹਾਰਬਾਜ਼ੀ ਲਈ ਵਰਤਿਆ ਜਾਂਦਾ ਹੈ। **ਗਲਤ**
9. ਕਿਸੇ ਵਿਅਕਤੀ ਨੂੰ ਉਸਦੀ ਪ੍ਰਾਪਤੀ, ਮੈਰਿਟ ਅਤੇ ਸਨਮਾਨ ਵੱਜੋਂ ਸਹੀ ਸਮੇਂ ਤੇ ਦਿਤੇ ਜਾਣ ਵਾਲੇ ਸਰਟੀਫਿਕੇਟ ਉਸ ਲਈ ਸ਼ਕਤੀਸ਼ਾਲੀ ਸਾਧਨ ਸਾਬਿਤ ਹੋ ਸਕਦੇ ਹਨ। **ਸਹੀ**
10. ਬਰੋਸ਼ਰ ਪ੍ਰਚਾਰ ਕਰਨ ਵਾਲੇ ਦਸਤਾਵੇਜ਼ ਹੁੰਦੇ ਹਨ ਜਿਨ੍ਹਾਂ ਨੂੰ ਮੁੱਖ ਤੌਰ ਤੇ ਕਿਸੇ ਕੰਪਨੀ, ਸੰਸਥਾ, ਉਤਪਾਦਾਂ (products) ਜਾਂ ਸੇਵਾਵਾਂ ਨੂੰ ਲੋਕਾਂ ਅੱਗੇ ਪੇਸ਼ ਕਰਨ ਲਈ ਵਰਤਿਆ ਜਾਂਦਾ ਹੈ। **ਸਹੀ**

MOHD AARIF CF GHS MANDIAN